ਮਿੱਠੇ ਬੱਚੇ:- "ਮਿੱਠੇ ਬੱਚੇ:- ਤੁਹਾਨੂੰ ਹੁਣ ਸ਼ਾਂਤੀਧਾਮ ਅਤੇ ਸੁੱਖਧਾਮ ਜਾਣ ਦਾ ਸਹਾਰਾ ਮਿਲਿਆ ਹੈ। ਤੁਸੀਂ ਬਾਪ ਨੂੰ ਯਾਦ ਕਰਦੇ-ਕਰਦੇ ਪਾਵਨ ਬਣ, ਕਰਮਾਤੀਤ ਹੋਕੇ ਆਪਣੇ ਸ਼ਾਂਤੀਧਾਮ ਚਲੇ ਜਾਵੋਗੇ"

ਪ੍ਰਸ਼ਨ:- ਬਾਪ ਦੀ ਪੁਚਕਾਰ ਕਿਹੜੇ ਬੱਚਿਆਂ ਨੂੰ ਮਿਲਦੀ ਹੈ। ਬਾਪ ਦਾ ਸ਼ੋ ਕਿਵੇਂ ਕਰਾਂਗੇ?

ਉੱਤਰ:- ਜਿਹੜੇ ਬੱਚੇ ਵਫ਼ਾਦਾਰ, ਸਰਵਿਸੇਬਲ ਅਤੇ ਬਹੁਤ ਮਿੱਠੇ ਹਨ, ਕਦੇ ਕਿਸੇ ਨੂੰ ਦੁੱਖ ਨਹੀਂ ਦਿੰਦੇ, ਇਵੇਂ ਦੇ ਬੱਚਿਆਂ ਨੂੰ ਬਾਪ ਦੀ ਪੁਚਕਾਰ ਮਿਲਦੀ ਹੈ। ਜਦੋਂ ਤੁਸੀਂ ਬੱਚਿਆਂ ਦਾ ਆਪਸ ਵਿੱਚ ਬਹੁਤ-ਬਹੁਤ ਲਵ ਰਹੇ, ਕਦੇ ਵੀ ਭੁੱਲਾਂ ਨਾ ਹੋਣ, ਮੂੰਹ ਨਾਲ ਦੁੱਖ ਦੇਣ ਵਾਲੇ ਬੋਲ ਨਾ ਨਿਕਲਣ, ਸਦਾ ਭਾਈ-ਭਾਈ ਦਾ ਰੂਹਾਨੀ ਪਿਆਰ ਰਹੇ ਤਾਂ ਹੀ ਬਾਪ ਦਾ ਸ਼ੋ ਕਰ ਸਕਾਂਗੇ।

ਗੀਤ:- ਮੁਝ ਕੋ ਸਹਾਰਾ ਦੇਣੇ ਵਾਲੇ...

ਓਮ ਸ਼ਾਂਤੀ। ਗੀਤ ਨੂੰ ਤਾਂ ਬੱਚਿਆਂ ਨੇ ਬਹੁਤ ਵਾਰੀ ਸੁਣਿਆ ਹੈ। ਬੱਚੇ ਸਮਝਦੇ ਹਨ ਆਵਾਗਮਨ ਵਿੱਚ ਅਸੀਂ ਕਿੰਨੇ ਭਟਕੇ ਹਾਂ। ਡਰਾਮਾ ਦੇ ਪਲਾਨ ਅਨੁਸਾਰ ਇਕ ਸ਼ਰੀਰ ਛੱਡ ਦੂਸਰਾ ਲਿਆ। ਸੁੱਖਧਾਮ ਵਿੱਚ ਆਪੇ ਹੀ ਇਕ ਸ਼ਰੀਰ ਛੱਡਦੇ ਸੀ, ਦੂਸਰਾ ਲੈਂਦੇ ਸੀ-ਖੁਸ਼ੀ ਨਾਲ। ਹੁਣ ਬਾਪ ਖੁਸ਼ੀ ਨਾਲ ਸ਼ਰੀਰ ਛੱਡਣ ਲਈ ਸਮਝਾ ਰਹੇ ਹਨ। ਬੱਚੇ ਸਮਝਦੇ ਹਨ ਅਸੀਂ ਆਤਮਾ ਪਰਮਧਾਮ ਤੋਂ ਆਈਆਂ ਹਾਂ ਅਸੀਂ ਆਤਮਾਵਾਂ ਇੱਥੇ ਪਾਰਟ ਵਜਾਉਂਦਿਆ ਹਾਂ। ਪਹਿਲਾਂ - ਪਹਿਲਾਂ ਆਤਮਾ ਦਾ ਨਿਸ਼ਚੇ ਚਾਹੀਦਾ ਹੈ ਅਸੀਂ ਆਤਮਾਵਾਂ ਅਵਿਨਾਸ਼ੀ ਹਾਂ। ਬੱਚਿਆਂ ਨੂੰ ਸਮਝਾਇਆ ਹੈ ਸਹਾਰਾ ਦੇਣ ਵਾਲਾ ਇਕ ਹੀ ਬਾਪ ਹੈ। ਬਾਪ ਨੂੰ ਯਾਦ ਕਰਨ ਨਾਲ ਬਹੁਤ ਖੁਸ਼ੀ ਹੁੰਦੀ ਹੈ। ਇਹ ਬਹੁਤ ਸਮਝਣ ਦੀਆਂ ਗੱਲਾਂ ਹਨ। ਪਹਿਲਾਂ ਸਭ ਸ਼ਾਂਤੀਧਾਮ ਵਿੱਚ ਰਹਿੰਦੇ ਹਨ ਫਿਰ ਪਹਿਲਾਂ ਸੁਖਧਾਮ ਵਿਚ ਆਉਂਦੇ ਹਨ। ਬਾਪ ਤੁਹਾਨੂੰ ਸਹਾਰਾ ਦਿੰਦੇ ਹਨ। ਬੱਚੇ ਤੁਹਾਡਾ ਸ਼ਾਂਤੀਧਾਮ, ਸੁਖਧਾਮ ਆਇਆ ਕਿ ਆਇਆ। ਇਹ ਤਾਂ ਨਿਸ਼ਚੇ ਹੈ ਕਿ ਹੁਣ ਆਤਮਾ ਇਕ ਸ਼ਰੀਰ ਛੱਡ ਦੂਸਰਾ ਲੈਂਦੀ ਹੈ। ਪਹਿਲਾਂ ਤੋਂ ਹੀ ਅਵਿਨਾਸ਼ੀ ਪਾਰਟ ਮਿਲਿਆ ਹੋਇਆ ਹੈ। ਤੁਸੀਂ ਇਹ 84 ਜਨਮਾਂ ਦਾ ਪਾਰਟ ਵਜਾਉਣਾ ਹੈ। ਬਾਪ ਬੱਚਿਆਂ ਨਾਲ ਹੀ ਗੱਲ ਕਰਦੇ ਹਨ ਕਿਉਂਕਿ ਇਨ੍ਹਾਂ ਗੱਲਾਂ ਨੂੰ ਤੁਹਾਡੇ ਸਿਵਾਏ ਹੋਰ ਕੋਈ ਨਹੀਂ ਜਾਣਦਾ। ਇਸ ਪੁਰਸ਼ੋਤਮ ਸੰਗਮਯੁੱਗ ਤੇ ਹੀ ਪੁਰਸ਼ੋਤਮ ਬਣਨ ਲਈ ਬਾਪ ਰਸਤਾ ਦਸਦੇ ਹਨ। ਆਤਮਾ ਨੂੰ ਕੋਈ ਡਰ ਨਹੀਂ ਹੋਣਾ ਚਾਹੀਦਾ ਹੈ। ਅਸੀਂ ਤਾਂ ਉੱਚ ਪਦ ਪਾਉਂਦੇ ਹਾਂ। ਤੁਸੀਂ ਸਾਰੇ ਜਨਮਾਂ ਨੂੰ ਜਾਣ ਗਏ ਹੋ। ਇਹ ਹੈ ਅੰਤਿਮ ਜਨਮ। ਆਤਮਾ ਸਮਝਦੀ ਹੈ ਸਾਨੂੰ ਸਹਾਰਾ ਮਿਲਿਆ ਹੈ ਸ਼ਾਂਤੀਧਾਮ, ਸੁਖਧਾਮ ਵਿੱਚ ਜਾਣ ਦੇ ਲਈ ਤਾਂ ਖੁਸ਼ੀ ਨਾਲ ਜਾਣਾ ਚਾਹੀਦਾ ਹੈ। ਪ੍ਰੰਤੂ ਹੁਣ ਇਹ ਗਿਆਨ ਮਿਲਿਆ ਹੈ ਕਿ ਆਤਮਾ ਪਤਿਤ ਹੈ, ਆਤਮਾ ਦੇ ਪੰਖ ਟੁੱਟ ਗਏ ਹਨ। ਮਾਇਆ ਪੰਖ ਤੋੜ ਦਿੰਦੀ ਹੈ ਇਸ ਲਈ ਵਾਪਿਸ ਜਾ ਨਹੀਂ ਸਕਦੀ। ਪਾਵਨ ਜਰੂਰ ਬਣਨਾ ਹੈ। ਉੱਥੋਂ ਹੇਠਾਂ ਤਾਂ ਆ ਗਏ ਪਰ ਆਪੇ ਹੀ ਵਾਪਿਸ ਜਾ ਨਹੀਂ ਸਕਦੇ, ਸਾਰਿਆਂ ਨੇ ਪਾਰਟ ਵਜਾਉਣਾ ਹੀ ਹੈ। ਤੁਸੀਂ ਵੀ ਇਵੇਂ ਸਮਝਣਾ ਹੈ, ਅਸੀਂ ਬਹੁਤ ਉੱਚ ਕੁੱਲ ਦੇ ਹਾਂ। ਹੁਣ ਸਾਨੂੰ ਫਿਰ ਤੋਂ ਉੱਚ ਡੀਨੇਸਟੀ (ਰਾਜਧਾਨੀ) ਦਾ ਰਾਜ ਭਾਗ ਮਿਲਦਾ ਹੈ। ਫਿਰ ਅਸੀਂ ਇਸ ਸ਼ਰੀਰ ਨੂੰ ਕੀ ਕਰਾਂਗੇ। ਸਾਨੂੰ ਨਵਾਂ ਸ਼ਰੀਰ ਤਾਂ ਉੱਥੇ ਮਿਲਣਾ ਹੈ, ਇਵੇਂ ਆਪਣੇ ਨਾਲ ਗੱਲਾਂ ਕਰੋ। ਬਾਪ ਨੇ ਆਪਣਾ ਵੀ ਪਰਿਚੇ ਦਿੱਤਾ ਹੈ, ਰਚਨਾ ਦੇ ਆਦਿ-ਮੱਧ-ਅੰਤ ਦਾ ਵੀ ਰਾਜ਼ ਸਮਝਾਉਂਦੇ ਹਨ ਕਿ ਆਤਮਾ ਹੀ ਸਤੋਪ੍ਰਧਾਨ ਸਤੋ- ਰਜ਼ੋ -ਤਮੋ ਵਿਚ ਆਉਂਦੀ ਹੈ। ਹੁਣ ਫਿਰ ਆਤਮ-ਅਭਿਮਾਨੀ ਬਣਨਾ ਪਵੇ। ਆਤਮਾ ਨੇ ਹੀ ਪਵਿੱਤਰ ਬਣਨਾ ਹੈ। ਬਾਪ ਨੇ ਕਿਹਾ ਹੈ ਬਸ ਮੈਨੂੰ ਇਕ ਨੂੰ ਹੀ ਯਾਦ ਕਰੋ, ਹੋਰ ਕਿਸੇ ਨੂੰ ਵੀ ਯਾਦ ਨਾ ਕਰੋ। ਧਨ-ਦੌਲਤ, ਮਕਾਨ, ਬੱਚਿਆਂ ਆਦਿ ਵਿੱਚ ਬੁੱਧੀ ਗਈ ਤਾਂ ਕਰਮਾਤੀਤ ਅਵਸਥਾ ਨੂੰ ਪਾ ਨਹੀਂ ਸਕਦੇ। ਫਿਰ ਪਦ ਘੱਟ ਹੋ ਜਵੇਗਾ ਅਤੇ ਫਿਰ ਸਜਾਵਾਂ ਵੀ ਖਾਣੀਆਂ ਪੈਣਗੀਆਂ। ਹੁਣ ਅਸੀਂ ਆਤਮਾਵਾਂ ਵਾਪਿਸ ਜਾਣ ਵਾਲੀਆ ਹੋ। ਪਾਵਨ ਬਣ ਕੇ ਵਾਪਿਸ ਜਾਣਾ ਹੈ। ਬਾਪ ਆਏ ਹਨ ਪਾਵਨ ਬਨਾਉਣ ਤਾਂ ਅਸੀਂ ਖੁਸ਼ੀ ਨਾਲ ਕਿਓਂ ਨਹੀਂ ਯਾਦ ਕਰਾਂਗੇ ਤਾਂ ਜੋ ਸਾਡੇ ਵਿਕਰਮ ਵਿਨਾਸ਼ ਹੋ ਜਾਣ। ਖੁਦ ਯਾਦ ਕਰਦੇ ਹੋਵਾਂਗੇ ਤਾਂ ਦੂਸਰਿਆਂ ਨੂੰ ਵੀ ਕਹਿਣ ਨਾਲ ਤੀਰ ਲੱਗੇਗਾ। ਇਸਨੂੰ ਵਿਚਾਰ ਸਾਗਰ ਮੰਥਨ ਕਿਹਾ ਜਾਂਦਾ ਹੈ। ਸਵੇਰੇ ਵਿਚਾਰ ਸਾਗਰ ਮੰਥਨ ਚੰਗਾ ਹੁੰਦਾ ਹੈ। ਕਿਉਂਕਿ ਬੁੱਧੀ ਚੰਗੀ ਹੁੰਦੀ ਹੈ। ਰਿਫਰੇਸ਼ ਹੁੰਦੇ ਹਾਂ। ਭਗਤੀ ਵੀ ਉਸ ਵਕਤ ਹੁੰਦੀ ਹੈ। ਗੀਤ ਹੈ ਰਾਮ ਸਿਮਰ ਪ੍ਰਭਾਤ ਮੋਰੇ ਮਨ.. ਭਗਤੀ ਮਾਰਗ ਵਿੱਚ ਤਾਂ ਸਿਰਫ਼ ਗਾਉਂਦੇ ਸੀ। ਹੁਣ ਬਾਪ ਦਾ ਡਇਰੈਕਸ਼ਨ ਹੈ ਕਿ ਸਵੇਰੇ-ਸਵੇਰੇ ਉੱਠ ਮੈਨੂੰ ਯਾਦ ਕਰੋ। ਸਤਿਯੁੱਗ ਵਿੱਚ ਤਾਂ ਰਾਮ ਨੂੰ ਸਿਮਰਦੇ ਨਹੀਂ। ਇਹ ਸਭ ਡਰਾਮਾ ਬਣਿਆ ਹੋਇਆ ਹੈ। ਬਾਪ ਆਕੇ ਗਿਆਨ ਤੇ ਭਗਤੀ ਦਾ ਰਾਜ਼ ਸਮਝਾਉਂਦੇ ਹਨ। ਪਹਿਲੋਂ ਤੁਸੀਂ ਨਹੀਂ ਜਾਣਦੇ ਸੀ ਇਸਲਈ ਪੱਥਰ ਬੁੱਧੀ ਕਿਹਾ ਜਾਂਦਾ ਹੈ। ਸਤਿਯੁਗ ਵਿੱਚ ਇੱਦਾਂ ਨਹੀਂ ਕਹਾਂਗੇ। ਇਸ ਵੇਲੇ ਹੀ ਕਹਿੰਦੇ ਹਨ ਈਸ਼ਵਰ ਤੁਹਾਡੀ ਬੁੱਧੀ ਨੂੰ ਚੰਗਾ ਕਰੇ। ਇਥੋਂ ਦਾ ਗਾਇਨ ਭਗਤੀ ਮਾਰਗ ਵਿੱਚ ਚਲਦਾ ਹੈ। ਤਾਂ ਬਾਪ ਬੱਚਿਆਂ ਨੂੰ ਬਹੁਤ ਪਿਆਰ ਨਾਲ ਸਮਝਾਉਂਦੇ ਹਨ ਕਿ ਬੱਚੇ ਤੁਸੀਂ ਮੈਨੂੰ ਬੇਹੱਦ ਦੇ ਬਾਪ ਨੂੰ ਭੁੱਲ ਗਏ ਹੋ। ਤੁਹਾਨੂੰ ਅੱਧਾ ਕਲਪ ਲਈ ਮੈਂ ਹੀ ਬੇਹੱਦ ਦਾ ਵਰਸਾ ਦਿੱਤਾ ਸੀ। ਤੁਹਾਨੂੰ ਬੇਹੱਦ ਦਾ ਸੰਨਿਆਸ ਵੀ ਮੈਂ ਹੀ ਕਰਵਾਇਆ ਸੀ, ਮੈਂ ਹੀ ਕਿਹਾ ਸੀ ਕਿ ਇਹ ਸਾਰੀ ਪੁਰਾਣੀ ਦੁਨੀਆ ਨੇ ਕਬਰਦਾਖ਼ਿਲ ਹੋਣਾ ਹੈ। ਜੋ ਖ਼ਤਮ ਹੋਣ ਵਾਲੀ ਹੈ। ਤੁਸੀਂ ਉਸਨੂੰ ਯਾਦ ਕਿਓਂ ਕਰਦੇ ਹੋ। ਮੈਨੂੰ ਤੁਸੀਂ ਬੁਲਾਉਂਦੇ ਹੀ ਹੋ ਕਿ ਬਾਬਾ ਸਾਨੂੰ ਪਤਿਤ ਦੁਨੀਆ ਤੋਂ ਛੁਡਾ ਕੇ ਪਾਵਨ ਦੁਨੀਆ ਵਿੱਚ ਲੈ ਚੱਲੋ। ਪਤਿਤ ਦੁਨੀਆ ਵਿੱਚ ਕਰੋੜਾਂ ਮਨੁੱਖ ਹਨ। ਪਾਵਨ ਦੁਨੀਆ ਵਿੱਚ ਬਹੁਤ ਥੋੜ੍ਹੇ ਹੁੰਦੇ ਹਨ। ਤਾਂ ਕਾਲਾਂ ਦੇ ਕਾਲ ਮਹਾਕਾਲ ਨੂੰ ਬੁਲਾਉਂਦੇ ਹੋ ਨਾ। ਭਗਤਾਂ

ਨੇ ਭਗਵਾਨ ਨੂੰ ਬੁਲਾਇਆ ਕਿ ਆਕੇ ਭਗਤੀ ਦਾ ਫ਼ਲ ਦੇਵੋ। ਅਸੀਂ ਬਹੁਤ ਧੱਕੇ ਖਾਦੇ ਹਨ। ਅੱਧਾ ਕਲਪ ਦੀ ਆਦਤ ਪਈ ਹੋਈ ਹੈ ਤਾਂ ਉਸਨੂੰ ਛੱਡਣ ਵਿੱਚ ਮੇਹਨਤ ਲਗਦੀ ਹੈ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਬੱਚੇ ਨੰਬਰਵਾਰ ਪੁਰਸ਼ਾਰਥ ਅਨੁਸਾਰ ਆਪਣੀ ਕਰਮਾਤੀਤ ਅਵਸਥਾ ਨੂੰ ਪਾਉਂਦੇ ਹਨ - ਕਲਪ ਪਹਿਲਾਂ ਮੁਆਫ਼ਿਕ, ਫਿਰ ਵਿਨਾਸ਼ ਹੋ ਜਾਵੇਗਾ। ਹੁਣ ਤਾਂ ਰਹਿਣ ਦੀ ਹੀ ਜਗ੍ਹਾ ਨਹੀਂ ਹੈ। ਅਨਾਜ਼ ਨਹੀਂ, ਕਿਥੋਂ ਖਾਈਏ। ਅਮਰੀਕਾ ਵਿਚ ਵੀ ਕਹਿੰਦੇ ਹਨ ਕਰੋੜਾਂ ਮਨੁੱਖ ਭੁੱਖ ਨਾਲ ਮਰਨਗੇ। ਇਹ ਨੈਚੁਰਲ ਕਲੈਮਟੀਜ ( ਕੁਦਰਤੀ ਆਫਤਾਂ) ਤਾਂ ਹੋਣੀਆਂ ਹੀ ਹਨ। ਲੜ੍ਹਾਈ ਲੱਗ ਜਾਵੇ ਤਾਂ ਅਨਾਜ਼ ਕਿੱਥੋਂ ਆਵੇਗਾ। ਲੜ੍ਹਾਈ ਵੀ ਬਹੁਤ ਭਿਆਨਕ ਹੁੰਦੀ ਹੈ। ਜੋ ਵੀ ਸਮਾਨ ਉਨ੍ਹਾਂ ਦੇ ਕੋਲ ਤਿਆਰ ਹੈ ਉਹ ਸਬ ਕੱਢਣਗੇ। ਨੈਚੁਰਲ ਕਲੈਮਟੀਜ ਵੀ ਮਦਦ ਕਰਨਗੇ। ਉਸਤੋਂ ਪਹਿਲਾਂ ਕਰਮਾਤੀਤ ਅਵਸਥਾ ਨੂੰ ਪਾਉਣਾ ਹੈ। ਸਾਂਵਰੇ ਤੋਂ ਗੋਰਾ ਬਣਨਾ ਹੈ। ਕਾਮ ਚਿਤਾ ਤੇ ਬੈਠ ਸਾਂਵਰੇ ਬਣ ਗਏ ਹੋ। ਹੁਣ ਬਾਪ ਖ਼ੂਬਸੂਰਤ ਬਣਾਉਂਦੇ ਹਨ। ਆਤਮਾਵਾਂ ਦੇ ਰਹਿਣ ਦਾ ਠਿਕਾਣਾ ਤਾਂ ਇਕ ਹੀ ਹੈ ਨਾ। ਇੱਥੇ ਆਕੇ ਪਾਰਟ ਵਜਾਉਂਦੇ ਹੋ। ਰਾਮ ਰਾਜ ਅਤੇ ਰਾਵਣ ਰਾਜ ਨੂੰ ਕਰਾਸ ਕਰਦੇ ਹੋ।

ਹੁਣ ਬਾਪ ਨੇ ਦੱਸਿਆ ਹੈ ਪੁਰਾਣੀ ਦੁਨੀਆਂ ਦਾ ਅੰਤ ਹੈ, ਮੈਂ ਆਉਂਦਾ ਹੀ ਹਾਂ ਅੰਤ ਵਿੱਚ। ਜਦੋਂ ਬੱਚੇ ਬੁਲਾਉਂਦੇ ਹਨ। ਪੁਰਾਣੀ ਦੁਨੀਆ ਦਾ ਵਿਨਾਸ਼ ਜ਼ਰੂਰ ਹੋਣਾ ਹੈ। ਗਾਇਨ ਵੀ ਹੈ ਮਰੂਆ ਮੌਤ... ਜੇਕਰ ਬਾਪ ਦੀ ਸ਼੍ਰੀਮਤ ਤੇ ਨਹੀਂ ਚੱਲਾਂਗੇ ਤਾਂ ਉਹ ਖੁਸ਼ੀ ਹੋ ਨਹੀਂ ਸਕਦੀ। ਹੁਣ ਤੁਸੀਂ ਬੱਚੇ ਜਾਣਦੇ ਹੋ ਕਿ ਅਸੀਂ ਇਹ ਸ਼ਰੀਰ ਛੱਡ ਕੇ ਅਮਰਪੁਰੀ ਵਿੱਚ ਜਾਣਾ ਹੈ। ਤੁਹਾਡਾ ਨਾਂ ਹੀ ਹੈ ਸ਼ਕਤੀ ਦਲ, ਸ਼ਿਵ ਸ਼ਕਤੀਆਂ। ਫਿਰ ਤੁਸੀਂ ਪ੍ਰਜਾਪਿਤਾ ਬ੍ਰਹਮਾਕੁਮਾਰ ਕੁਮਾਰੀਆਂ ਹੋ। ਸ਼ਿਵ ਦੇ ਤਾਂ ਬੱਚੇ ਹੋ, ਫਿਰ ਭਾਈ ਭੈਣ -ਬਣਦੇ ਹੋ। ਪ੍ਰਜਾਪਿਤਾ ਦਵਾਰਾ ਹੀ ਰਚਨਾ ਰਚੀ ਜਾਂਦੀ ਹੈ। ਬ੍ਰਹਮਾ ਨੂੰ ਗ੍ਰੇਟ-ਗ੍ਰੇਟ ਗ੍ਰੈਂਡ ਫਾਦਰ ਕਹਿੰਦੇ ਹਨ। ਤਾਂ ਬਾਪ ਆਤਮਾਵਾਂ ਨੂੰ ਬੈਠ ਸਮਝਾਉਂਦੇ ਹਨ। ਆਤਮਾ ਹੀ ਸ਼ਰੀਰ ਦਵਾਰਾ ਸਭ ਕੁਝ ਕਰਦੀ ਹੈ। ਆਤਮਾ ਦੇ ਸ਼ਰੀਰ ਨੂੰ ਮਾਰਦੇ ਹਨ। ਤਾਂ ਆਤਮਾ ਕਹੇਗੀ ਅਸੀਂ ਇਸ ਸ਼ਰੀਰ ਨਾਲ ਫਲਾਨੀ ਆਤਮਾ ਦੇ ਸ਼ਰੀਰ ਨੂੰ ਮਾਰਿਆ। ਬੱਚੇ ਪੱਤਰਾਂ ਵਿੱਚ ਲਿਖਦੇ ਹਨ-ਅਸੀਂ ਆਤਮਾ ਨੇ ਸ਼ਰੀਰ ਦਵਾਰਾ ਇਹ ਭੁੱਲ ਕੀਤੀ। ਮਿਹਨਤ ਹੈ ਨਾ। ਇਸ ਵਿਚ ਵਿਚਾਰ ਸਾਗਰ ਮੰਥਨ ਕਰਨਾ ਹੈ। ਮੇਲਜ(ਮਰਦਾਂ) ਲਈ ਬਹੁਤ ਸਹਿਜ ਹੈ। ਬੰਬਈ ਵਿੱਚ ਸਵੇਰ ਨੂੰ ਕਿੰਨੇ ਘੁੰਮਨ ਫਿਰਨ ਜਾਂਦੇ ਹਨ, ਤੁਹਾਨੂੰ ਤੇ ਏਕਾਂਤ ਵਿੱਚ ਵਿਚਾਰ ਸਾਗਰ ਮੰਥਨ ਕਰਨਾ ਪਵੇ। ਬਾਬਾ ਦੀ ਮਹਿਮਾ ਕਰਦੇ ਰਹੋ, ਬਾਬਾ ਕਮਾਲ ਹੈ ਤੁਹਾਡੀ। ਦੇਹਧਾਰੀ ਦੀ ਮਹਿਮਾ ਨਹੀਂ ਗਾਈ ਜਾਂਦੀ। ਵਿਦੇਹੀ ਉਚੇ ਤੋਂ ਉੱਚਾ ਭਗਵਾਨ ਹੈ, ਉਹ ਕਦੇ ਆਪਣੀ ਦੇਹ ਨਹੀਂ ਲੈਂਦੇ। ਖ਼ੁੱਦ ਨੇ ਦਸਿਆ ਹੈ ਕਿ ਮੈਂ ਸਧਾਰਨ ਤਨ ਵਿੱਚ ਪ੍ਰਵੇਸ਼ ਕਰਦਾ ਹਾਂ। ਇਹ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹਨ। ਤੁਸੀਂ ਵੀ ਨਹੀਂ ਜਾਣਦੇ ਸੀ। ਹੁਣ ਇਸ ਨੇ ਮੇਰੇ ਦਵਾਰਾ ਜਾਣਿਆ ਹੈ ਤਾਂ ਤੁਸੀਂ ਵੀ ਜਾਣ ਗਏ ਹੋ। ਤਾਂ ਇਹ ਵੀ ਪ੍ਰੈਕਟਿਸ ਹੈ। ਬਾਪ ਨੂੰ ਯਾਦ ਕਰਨ ਨਾਲ ਤੁਹਾਨੂੰ ਬਹੁਤ ਖੁਸ਼ੀ ਹੋਵੇਗੀ। ਜਦੋਂ ਆਪਣੇ ਆਪ ਨੂੰ ਆਤਮਾ ਨਿਸ਼ਚਿਤ ਕਰੋਗੇ ਤਾਂ ਆਤਮਾ ਨੂੰ ਹੀ ਦੇਖਦੇ ਰਹੋਗੇ। ਫਿਰ ਵਿਕਾਰ ਦੀ ਕੋਈ ਗੱਲ ਉੱਠ ਨਹੀਂ ਸਕਦੀ। ਬਾਪ ਕਹਿੰਦੈ ਹਨ ਅਸ਼ਰੀਰੀ ਭਵ। ਫਿਰ ਕ੍ਰਿਮਿਨਲ ਖਿਆਲਾਤ ਉਠਦੇ ਹੀ ਕਿਓਂ ਹਨ। ਸ਼ਰੀਰ ਨੂੰ ਦੇਖਣ ਕਾਰਣ ਡਿੱਗ ਜਾਂਦੇ ਹਨ। ਦੇਖਣਾ ਹੈ ਆਤਮਾ ਨੂੰ, ਅਸੀਂ ਆਤਮਾ ਹਾਂ, ਅਸੀਂ ਇਹ ਪਾਰਟ ਵਜਾਇਆ ਹੈ। ਹੁਣ ਬਾਪ ਨੇ ਕਿਹਾ ਹੈ ਅਸ਼ਰੀਰੀ ਭਵ। ਮੈਨੂੰ ਯਾਦ ਕਰੋ ਤਾਂ ਪਾਪ ਕੱਟ ਜਾਣਗੇ ਅਤੇ ਯਾਦ ਦੀ ਯਾਤਰਾ ਤੇ ਰਹਿਣ ਨਾਲ ਕਮਾਈ ਜਮਾਂ ਹੋਵੇਗੀ। ਸਵੇਰ ਦਾ ਸਮਾਂ ਬੜਾ ਚੰਗਾ ਹੈ। ਸਿਰਫ਼ ਬਾਬਾ ਦੇ ਇਲਾਵਾ ਹੋਰ ਕਿਸੇ ਨੂੰ ਦੇਖੋ ਵੀ ਨਹੀਂ। ਬਾਕੀ ਇਹ ਲਕਸ਼ਮੀ- ਨਰਾਇਣ ਹੈ ਐਮ ਆਬਜੈਕਟ। ਮਨਮਨਾਭਵ, ਮਧਿਆ ਜੀ ਭਵ- ਇਸ ਦਾ ਅਰਥ ਕੋਈ ਨਹੀਂ ਜਾਣਦੇ।

ਤੁਸੀਂ ਸਮਝਾ ਸਕਦੇ ਹੋ-ਭਗਤੀ ਹੈ ਹੀ ਪ੍ਰਵ੍ਰਿਤੀ ਮਾਰਗ ਵਾਲਿਆਂ ਲਈ। ਉਹ ਨਿਵ੍ਰਤੀ ਮਾਰਗ ਵਾਲੇ ਜੰਗਲ ਵਿੱਚ ਕੀ ਭਗਤੀ ਕਰਨਗੇ। ਪਹਿਲੋਂ ਤਾਂ ਇਹ ਵੀ ਸਤੋਪ੍ਰਧਾਨ ਸਨ, ਉਸ ਵਕਤ ਉਨ੍ਹਾਂ ਨੂੰ ਸਭ ਕੁਝ ਜੰਗਲ ਵਿੱਚ ਪਹੁੰਚਦਾ ਸੀ। ਹੁਣ ਤਾਂ ਦੇਖੋ ਕੁਟੀਆਵਾਂ ਖ਼ਾਲੀ ਪਈਆਂ ਹਨ। ਕਿਓਂਕਿ ਤਮੋਪ੍ਰਧਾਨ ਬਣਨ ਦੇ ਕਾਰਣ ਉਨ੍ਹਾਂ ਨੂੰ ਕੁਝ ਪਹੁੰਚਦਾ ਨਹੀਂ ਹੈ। ਭਗਤਾਂ ਦੀ ਸ਼ਰਧਾ ਨਹੀਂ ਰਹੀ ਹੈ। ਇਸ ਲਈ ਹੁਣ ਧੰਧੇ ਵਿੱਚ ਲੱਗ ਗਏ ਹਨ। ਕਰੋੜਪਤੀ, ਪਦਮਪਤੀ ਹਨ। ਇਹ ਤਾਂ ਸਬ ਖ਼ਤਮ ਹੋਣ ਵਾਲਾ ਹੈ। ਇਵੇਂ ਨਹੀਂ ਕਿ ਇਸ ਸੋਨੇ ਨਾਲ ਕੋਈ ਮਕਾਨ ਆਦਿ ਬਣਨਗੇ। ਉੱਥੇ ਤਾਂ ਸਭ ਕੁਝ ਨਵਾਂ ਹੋਵੇਗਾ। ਅਨਾਜ ਵੀ ਨਵਾਂ, ਨਵੀਂ ਦੁਨੀਆ ਵਿੱਚ ਫਸਟਕਲਾਸ ਚੀਜ਼ਾਂ ਹੁੰਦੀਆਂ ਹਨ। ਹੁਣ ਤਾਂ ਜਮੀਨ ਸੜ੍ਹ ਗਈ ਹੈ ਤੇ ਅਨਾਜ਼ ਵੀ ਪੂਰਾ ਨਹੀਂ ਨਿਕਲਦਾ ਹੈ। ਉੱਥੇ ਤਾਂ ਸਾਰੀ ਜਮੀਨ ਵੀ ਤੁਹਾਡੀ, ਸਾਗਰ ਵੀ ਤੁਹਾਡਾ ਰਹਿੰਦਾ ਹੈ। ਉੱਥੇ ਕਿੰਨਾ ਸ਼ੁੱਧ ਭੋਜਣ ਖਾਂਦੇ ਹਾਂ। ਇੱਥੇ ਤਾਂ ਵੇਖੋ ਜਾਨਵਰਾਂ ਨੂੰ ਵੀ ਪਕਾ ਕੇ ਖਾ ਲੈਂਦੇ ਹਨ। ਉੱਥੇ ਤਾਂ ਇੱਦਾਂ ਦੀ ਗੱਲ ਹੀ ਨਹੀਂ। ਤਾਂ ਤੁਹਾਨੂੰ ਬੱਚਿਆਂ ਨੂੰ ਬਾਬਾ ਦਾ ਬੜਾ ਸ਼ੁਕਰੀਆ ਮੰਨਣਾ ਚਾਹੀਦਾ ਹੈ। ਤੁਸੀਂ ਬਾਪ ਨੂੰ ਜਾਣਦੇ ਹੋ ਅਤੇ ਫਿਰ ਹੋਰਾਂ ਨੂੰ ਵੀ ਦੱਸਦੇ ਹੋ ਕਿ ਬਾਪ ਨੇ ਕਿਹਾ ਹੈ ਕਿ ਮੈਂ ਸਧਾਰਣ ਬੁੱਢੇ ਤਨ ਵਿੱਚ, ਇਨ੍ਹਾਂ ਦੀ ਵੀ ਵਾਨਪ੍ਰਸਤ ਅਵਸਥਾ ਵਿੱਚ ਪ੍ਰਵੇਸ਼ ਕਰਦਾ ਹਾਂ। ਵਾਨਪ੍ਰਸਤ ਅਵਸਥਾ ਵਿੱਚ ਹੀ ਵਾਪਿਸ ਜਾਣਾ ਹੈ, ਇਹ ਵੀ ਕਾਇਦਾ ਹੈ, ਭਗਤੀ ਵਿੱਚ ਵੀ ਇਹ ਹੀ ਰਸਮ ਚਲਦੀ ਹੈ। ਇਹ ਸਬ ਹਨ ਧਾਰਨ ਕਰਨ ਦੀਆਂ ਗੱਲਾਂ। ਕਈ ਤਾਂ ਚੰਗੀ ਤਰ੍ਹਾਂ ਧਾਰਨ ਕਰ ਦੂਸਰਿਆਂ ਨੂੰ ਵੀ ਸੁਣਾਉਂਦੇ ਹਨ। ਸੁਣਨ ਨਾਲ ਬੜਾ ਮਜ਼ਾ ਆਉਂਦਾ ਹੈ ਕਿਓਂਕਿ ਹੁਣ ਸਹਾਰਾ ਮਿਲਿਆ ਹੈ।

ਤੁਸੀਂ ਜਾਣਦੇ ਹੋ ਹਰੇਕ ਆਤਮਾ ਭ੍ਰਕੁਟੀ ਦੇ ਤਖਤ ਤੇ ਵਿਰਾਜਮਾਨ ਹੈ। ਆਤਮਾ ਦੇ ਲਈ ਹੀ ਕਹਿੰਦੇ ਹਨ ਭ੍ਰਕੁਟੀ ਦੇ ਵਿੱਚ ਚਮਕਦਾ ਹੈ ਅਜ਼ਬ ਸਿਤਾਰਾ। ਇਵੇਂ ਤਾਂ ਨਹੀਂ ਕਹਿੰਦੇ ਪਰਮਪਿਤਾ ਪਰਮਾਤਮਾ ਚਮਕਦਾ ਹੈ। ਪ੍ਰੰਤੂ ਆਤਮਾ ਚਮਕਦੀ ਹੈ। ਆਤਮਾ ਭਾਈ-ਭਾਈ ਹੈ ਤਾਂ ਕਹਿੰਦੇ ਹਨ ਹਿੰਦੁਸਤਾਨੀ, ਪਾਕਿਸਤਾਨੀ ਬੋਧੀ ਸਾਰੇ ਭਾਈ-ਭਾਈ ਹਨ। ਪ੍ਰੰਤੂ ਭਾਈ ਦਾ ਅਰਥ ਨਹੀਂ ਸਮਝਦੇ ਹਨ। ਤੁਹਾਡਾ ਆਪਸ ਵਿੱਚ ਕਿੰਨਾ ਲਵ ਹੋਣਾ ਚਾਹੀਦਾ ਹੈ। ਸਤਿਯੁਗ ਵਿੱਚ ਜਾਨਵਰਾਂ ਦਾ ਵੀ ਆਪਸ ਵਿਚ ਲਵ ਹੈ। ਤੁਸੀਂ ਭਾਈ - ਭਾਈ ਹੋ ਤਾਂ

ਕਿੰਨਾਂ ਲਵ ਹੋਣਾ ਚਾਹੀਦਾ ਹੈ। ਪ੍ਰੰਤੂ ਦੇਹ - ਅਭਿਮਾਨ ਵਿੱਚ ਆਉਣ ਨਾਲ ਇੱਕ ਦੂਸਰੇ ਤੋਂ ਬਹੁਤ ਤੰਗ ਹੋ ਜਾਂਦੇ ਹਨ। ਫ਼ਿਰ ਇੱਕ ਦੂਜੇ ਦੀ ਗਲਾਨੀ (ਨਿੰਦਾ) ਕਰਦੇ ਹਨ। ਇਸ ਵਕ਼ਤ ਤਾਂ ਤੁਹਾਨੂੰ ਬੱਚਿਆਂ ਨੂੰ ਆਪਸ ਵਿੱਚ ਬਹੁਤ ਖੀਰਖੰਡ ( ਅਤੀ ਮਿੱਠੇ) ਹੋ ਕੇ ਚੱਲਣਾ ਚਾਹੀਦਾ ਹੈ। ਇਸ ਸਮੇਂ ਇਹ ਤੁਸੀਂ ਜਿਹੜਾ ਪੁਰਸ਼ਾਰਥ ਕਰਦੇ ਹੋ- 21 ਜਨਮ ਖੀਰਖੰਡ ਹੋਕੇ ਚਲਦੇ ਹੋ। ਜੇਕਰ ਕੋਈ ਉਲਟਾ ਅੱਖਰ ਮੂੰਹ ਵਿਚੋਂ ਨਿਕਲ ਜਾਵੇ ਤਾਂ ਉਸੇ ਵਕਤ ਕਹਿਣਾ ਚਾਹੀਦਾ ਹੈ ਆਈ ਐਮ ਸੌਰੀ ਕਿਉਂਕਿ ਸਾਨੂੰ ਬਾਬਾ ਦਾ ਫਰਮਾਨ ਹੈ ਬਹੁਤ ਮਿੱਠਾ ਹੋਕੇ ਰਹਿਣਾ ਹੈ। ਜੋ ਫ਼ਰਮਾਨ ਨਹੀਂ ਮੰਨਣਗੇ ਉਨ੍ਹਾਂ ਨੂੰ ਕਿਹਾ ਜਾਵੇਗਾ ਈਸ਼ਵਰ ਦਾ ਨਾਫਰਮਾਂਬਰਦਾਰ। ਕਦੇ ਵੀ ਕਿਸੇ ਨੂੰ ਦੁੱਖ ਨਹੀਂ ਦੇਣਾ ਹੈ। ਬਾਕੀ ਬਾਬਾ ਜਾਣਦੇ ਹਨ ਸਿਪਾਹੀ ਦੀ ਸਰਵਿਸ ਹੈ ਤਾਂ ਸੱਚੀ ਕਰਵਾਉਣ ਲਈ ਕਿਸੇ ਨੂੰ ਮਾਰਨਾ ਵੀ ਪੈਂਦਾ ਹੈ। ਮਿਲਟਰੀ ਵਾਲਿਆਂ ਨੂੰ ਲੜ੍ਹਾਈ ਵੀ ਕਰਨੀ ਪੈਂਦੀ ਹੈ। ਸਿਰਫ਼ ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ ਤਾਂ ਬੇੜਾ ਪਾਰ ਹੋ ਜਾਵੇਗਾ। ਇਸ ਪੁਰਾਣੀ ਦੁਨੀਆਂ ਨੂੰ ਕੀ ਦੇਖਣਾ। ਅਸੀਂ ਤਾਂ ਨਵੀਂ ਦੁਨੀਆਂ ਨੂੰ ਦੇਖਣਾ ਹੈ। ਹੁਣ ਤਾਂ ਸ਼੍ਰੀਮਤ ਅਨੁਸਾਰ ਨਵੀਂ ਦੁਨੀਆਂ ਸਥਾਪਨ ਹੋ ਰਹੀ ਹੈ। ਇਸ ਵਿੱਚ ਅਸ਼ੀਰਵਾਦ ਦੀ ਕੋਈ ਗੱਲ ਨਹੀਂ। ਟੀਚਰ ਕਦੇ ਅਸ਼ੀਰਵਾਦ ਨਹੀਂ ਕਰਦੇ। ਟੀਚਰ ਤਾਂ ਪੜ੍ਹਾਉਂਦੇ ਹਨ। ਜੋ ਪੜ੍ਹਦੇ ਹਨ ਮੈਂਨਰਜ ਧਾਰਨ ਕਰਦੇ ਹਨ, ਐਸਾ ਪਦ ਪਾਉਂਦੇ ਹਨ। ਇਸ ਵਿੱਚ ਵੀ ਇਸ ਤਰ੍ਹਾਂ ਹੈ। ਆਪਣਾ ਰਜਿਸਟਰ ਆਪੇ ਹੀ ਦੇਖਣਾ ਹੈ ਕਿ ਅਸੀਂ ਕਿਵੇਂ ਚਲਦੇ ਹਾਂ। ਕੋਈ ਤਾਂ ਬਹੁਤ ਮਿੱਠੇ ਹੋਕੇ ਚਲਦੇ ਹਨ। ਹਰ ਗੱਲ ਵਿੱਚ ਰਾਜ਼ੀ ਰਹਿੰਦੇ ਹਨ। ਬਾਬਾ ਨੇ ਕਿਹਾ ਹੈ ਤੁਸੀਂ ਆਪਸ ਵਿੱਚ ਕਚੇਹਰੀ ਕਰੋ ਕਿ ਕੋਈ ਭੁੱਲ ਤਾਂ ਨਹੀਂ ਹੁੰਦੀ ਹੈ? ਪਰੰਤੂ ਕਚੇਹਰੀ ਕਰਨ ਵਾਲਿਆਂ ਨੂੰ ਸਮਝਣਾ ਚਾਹੀਦਾ--ਅਸੀਂ ਆਤਮਾ ਹਾਂ, ਅਸੀਂ ਆਪਣੇ ਭਾਈ ਤੋਂ ਪੁੱਛਦੇ ਹਾਂ ਇਸ ਸ਼ਰੀਰ ਦਵਾਰਾ ਕੋਈ ਭੁੱਲ ਤਾਂ ਨਹੀਂ ਹੋਈ? ਕਿਸੇ ਨੂੰ ਦੁੱਖ ਤਾਂ ਨਹੀਂ ਦਿੱਤਾ? ਬਾਪ ਕਦੇ ਦੁੱਖ ਨਹੀਂ ਦਿੰਦੇ। ਬਾਪ ਤਾਂ ਸੁਖਧਾਮ ਦਾ ਮਾਲਿਕ ਬਣਾਉਂਦੇ ਹਨ। ਬਾਪ ਹੈ ਹੀ ਦੁੱਖ ਹਰਤਾ ਸੁੱਖ ਕਰਤਾ। ਤਾਂ ਤੁਸੀਂ ਵੀ ਸਭ ਨੂੰ ਸੁੱਖ ਦੇਣਾ ਹੈ। ਉਲਟਾ - ਸੁਲਟਾ ਕਦੇ ਵੀ ਬੋਲਣਾ ਨਹੀਂ ਹੈ। ਕਦੇ ਵੀ ਲਾਅ (ਕਾਨੂੰਨ) ਆਪਣੇ ਹੱਥ ਵਿੱਚ ਨਹੀਂ ਲੈਣਾ ਹੈ। ਤੁਹਾਡਾ ਕੰਮ ਹੈ ਰਿਪੋਰਟ ਕਰਨਾ। ਬਹੁਤ ਮਿੱਠਾ ਬਣਨਾ ਹੈ। ਜਿਨ੍ਹਾਂ ਮਿੱਠਾ ਬਣਾਗੇ ਉਨਾਂ ਬਾਪ ਦਾ ਸ਼ੋ ਕਰਾਂਗੇ। ਬਾਬਾ ਪਿਆਰ ਦਾ ਸਾਗਰ ਹੈ, ਤੁਸੀਂ ਵੀ ਪਿਆਰ ਨਾਲ ਸਮਝਾਓਗੇ ਤਾਂ ਤੁਹਾਡੀ ਵਿਜੇ (ਜਿੱਤ) ਹੋਵੇਗੀ। ਬਾਪ ਕਹਿੰਦੇ ਹਨ ਮੇਰੇ ਲਾਡਲੇ ਬੱਚੇ ਕਦੇ ਕਿਸੇ ਨੂੰ ਦੁੱਖ ਨਹੀਂ ਦੇਣਾ। ਅਜਿਹੇ ਬਹੁਤ ਹਨ ਜੋ ਉਲਟੀ ਸੁਲਟੀ ਭੁੱਲਾਂ ਕਰਦੇ ਹਨ, ਚੁਗਲੀ ਕਰਨਾ, ਰੀਸ ਕਰਨਾ, ਹਸਦ ਕਰਨਾ… ਇਹ ਵੀ ਵਿਕਰਮ ਹਨ ਨਾ।

ਬਾਬਾ ਕਹਿੰਦੇ ਹਨ ਜੋ ਅੱਛਾ ਵਫ਼ਾਦਾਰ ਸਰਵਿਸੇਬਲ ਬੱਚਾ ਹੋਵੇਗਾ ਸਾਨੂੰ ਜਰੂਰ ਮਿੱਠਾ ਲੱਗੇਗਾ, ਉਸਨੂੰ ਪੁਚਕਾਰ ਵੀ ਦੇਣਗੇ। ਦੂਸਰੇ ਨੂੰ ਨਹੀਂ ਦੇਣਗੇ। ਫਿਰ ਕਹਿੰਦੇ ਹਨ ਇਨ੍ਹਾਂ ਦੀ ਖ਼ਾਸ ਖ਼ਾਤਰੀ ਹੁੰਦੀ ਹੈ। ਇਹ ਵੱਡਾ ਆਦਮੀ ਹੈ। ਇਵੇਂ ਬਹੁਤ ਨੁਕਸਾਨ ਕਰਦੇ ਹਨ। ਉਲਟਾ - ਸੁਲਟਾ ਕੰਮ ਕਰਕੇ ਦੋਸ਼ ਦਿੰਦੇ ਹਨ। ਸਮਾਚਾਰ ਆਉਂਦਾ ਹੈ ਫਲਾਨਾ ਬੀੜੀ ਨਹੀਂ ਛੱਡਦਾ...ਬਾਬਾ ਕਹਿੰਦੇ ਹਨ ਇਨ੍ਹਾਂ ਨੂੰ ਵੀ ਸਮਝਾਉਣਾ ਪੈਂਦਾ ਹੈ ਕਿ ਤੁਸੀਂ ਯੋਗਬਲ ਨਾਲ ਵਿਸ਼ਵ ਨੂੰ ਪਾਵਨ ਬਣਾ ਸਕਦੇ

ਹੋ ਤਾਂ ਕੀ, ਇਹ ਨਹੀਂ ਛੱਡ ਸਕਦੇ? ਬਾਪ ਨੂੰ ਯਾਦ ਕਰੋ। ਬਾਬਾ ਅਵਿਨਾਸ਼ੀ ਸਰਜਨ ਹੈ। ਅਜਿਹੀ ਦਵਾਈ ਦੇਣਗੇ ਜੋ ਸਭ ਦੁਖ ਦੂਰ ਹੋ ਜਾਣਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ -ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਦੇਹ - ਅਭਿਮਾਨ ਵਿੱਚ ਆਕੇ ਇੱਕ ਦੂਸਰੇ ਨੂੰ ਤੰਗ ਨਹੀਂ ਕਰਨਾ ਹੈ, ਹਰ ਗੱਲ ਵਿੱਚ ਰਾਜ਼ੀ ਰਹਿਣਾ ਹੈ। ਕਦੇ ਵੀ ਚੁਗ਼ਲੀ ਨਹੀਂ ਲਗਾਉਣੀ ਹੈ, ਹਸਦ, ਰੀਸ ਨਹੀਂ ਕਰਨੀ ਹੈ। ਕਿਸੇ ਨੂੰ ਦੁੱਖ ਨਹੀਂ ਦੇਣਾ ਹੈ। ਆਪਸ ਵਿੱਚ ਬਹੁਤ ਮਿੱਠਾ, ਖੀਰਖੰਡ ਹੋ ਕੇ ਰਹਿਣਾ ਹੈ।

2. ਸਵੇਰੇ-ਸਵੇਰੇ ਉੱਠ ਪਿਆਰ ਨਾਲ ਬਾਪ ਨੂੰ ਯਾਦ ਕਰਨਾ ਹੈ। ਆਪਣੇ ਆਪ ਨਾਲ ਗੱਲਾਂ ਕਰਨੀਆਂ ਹਨ, ਵਿਚਾਰ ਸਾਗਰ ਮੰਥਨ ਕਰਦੇ ਬਾਬਾ ਦਾ ਸ਼ੁਕਰੀਆ ਮੰਨਣਾ ਹੈ।

ਵਰਦਾਨ:- ਆਪਣੀ ਪਾਵਰਫੁੱਲ ਸਥਿਤੀ ਵਿਚ ਸਥਿਤ ਰਹਿ ਮਨਸਾ ਦਵਾਰਾ ਸੇਵਾ ਕਰਨ ਵਾਲੇ ਨੰਬਰਵਨ ਸੇਵਾਦਾਰੀ ਭਵ। ਜੇਕਰ ਕਿਸੇ ਨੂੰ ਵਾਣੀ ਦੀ ਸੇਵਾ ਦਾ ਚਾਂਸ ਨਹੀਂ ਮਿਲਦਾ ਤਾਂ ਵੀ ਮਨਸਾ ਸੇਵਾ ਦਾ ਚਾਂਸ ਹਰ ਵੇਲੇ ਹੈ ਹੀ। ਪਾਵਰਫੁੱਲ ਅਤੇ ਸਭ ਤੋਂ ਵੱਡੀ ਤੇ ਵੱਡੀ ਸੇਵਾ ਮਨਸਾ ਸੇਵਾ ਹੈ। ਵਾਣੀ ਦੀ ਸੇਵਾ ਸਹਿਜ ਹੈ ਲੇਕਿਨ ਮਨਸਾ ਸੇਵਾ ਦੇ ਲਈ ਪਹਿਲੇ ਆਪਣੇ ਨੂੰ ਪਾਵਰਫੁੱਲ ਬਨਾਉਣਾ ਪੈਂਦਾ ਹੈ। ਵਾਣੀ ਦੀ ਸੇਵਾ ਤਾਂ ਸਥਿੱਤੀ ਉਪਰ ਹੇਠਾਂ ਹੁੰਦੇ ਵੀ ਕਰ ਲਵੋਗੇ ਲੇਕਿਨ ਮਨਸਾ ਸੇਵਾ ਇਵੇਂ ਨਹੀਂ ਹੋ ਸਕਦੀ। ਜੋ ਆਪਣੀ ਸ੍ਰੇਸ਼ਠ ਸਥਿਤੀ ਦਵਾਰਾ ਸੇਵਾ ਕਰਦੇ ਹਨ ਉਹ ਹੀ ਨੰਬਰਵਨ ਸੇਵਾਦਾਰੀ ਫੁੱਲ ਮਾਰਕਸ ਲੈ ਸਕਦੇ ਹਨ।

ਸਲੋਗਨ:- ਲੌਕਿਕ ਕੰਮ ਕਰਦੇ ਅਲੌਕਿਕਤਾ ਦਾ ਅਨੁਭਵ ਕਰਨਾ ਹੀ ਸਰੰਡਰ ਹੋਣਾ ਹੈ।

******

ਅਵਿਅਕਤੀ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਹੁਣ ਡਬਲ ਲਾਈਟ ਬਣ ਦੀਵਿਯ ਬੁੱਧੀ ਦੇ ਵਿਮਾਨ ਦਵਾਰਾ ਸਭ ਤੋਂ ਉੱਚੀ ਚੋਟੀ ਦੀ ਸਥਿਤੀ ਵਿਚ ਸਥਿਤ ਹੋ ਵਿਸ਼ਵ ਦੀਆਂ ਸਰਵ ਆਤਮਾਵਾਂ ਦੇ ਪ੍ਰਤੀ ਲਾਈਟ ਅਤੇ ਮਾਇਟ ਦੀ ਸ਼ੁਭ ਭਾਵਨਾ ਅਤੇ ਸ੍ਰੇਸ਼ਠ ਕਾਮਨਾ ਦੇ ਸਹਿਯੋਗ ਦੀ ਲਹਿਰ ਫੈਲਾਓ। ਇਸ ਵਿਮਾਨ ਵਿੱਚ ਬਾਪਦਾਦਾ ਦੀ ਰਿਫਾਇਨ ਸ੍ਰੇਸ਼ਠ ਮਤ ਦਾ ਸਾਧਨ(ਪਟਰੋਲ) ਹੋਵੇ। ਉਸ ਵਿੱਚ ਜਰਾ ਵੀ ਮਨ - ਮਤ, ਪਰਮਤ ਦਾ ਕਿਚੜਾ ਨਾ ਹੋਵੇ।